PO Box 43799, London, W14 8SS
Tel: 0044 (0) 870 1993328
unitedsikhs-uk@unitedsikhs.org

UNITED SIKHS

*Recognise the Human Race as One*

*To transform underprivileged and minority communities and individuals into informed and vibrant members of society through civic, educational and personal development programmes.*

www.unitedsikhs.org
contact@unitedsikhs.org

# ਯੂਨਾਈਟਿਡ ਸਿੱਖਸ ਵਲੋਂ ਏਅਰਪੋਰਟ ਸੁਰੱਖਿਆ ਦੁਆਰਾ ਕਿਰਪਾਨ ਤੇ ਲਗਾਈ ਗਈ ਏਅਰਸਾਈਡ ਪਾਬੰਦੀ ਨੂੰ ਵਾਪਸ ਲੈਣ ਦੀ ਅਪੀਲ

"ਜੇਕਰ ਭਾਰਤ ਦੇ ਸੰਵਿਧਾਨ ਵਲੋਂ ਇੱਕ ਸਿੱਖ ਯਾਤਰੀ ਨੂੰ ਹਵਾਈ ਜਹਾਜ਼ ਵਿੱਚ ਕਿਰਪਾਨ ਧਾਰਨ ਕਰਨ ਦੀ ਇਜਾਜਤ ਹੈ ਤਾਂ ਇੱਕ ਸਿੱਖ ਕਰਮਚਾਰੀ ਨੂੰ ਵਧੇਰੇ ਸੁਰੱਖਿਆ ਜਾਂਚ ਵਿੱਚੋਂ ਨਿਕਲਣ ਦੇ ਬਾਵਜੂਦ ਸੁਰੱਖਿਆ ਕਾਰਣਾਂ ਕਰਕੇ ਏਅਰਸਾਈਡ ਵਿੱਚ ਕਿਰਪਾਨ ਧਾਰਨ ਕਰਨ ਤੇ ਪਾਬੰਦੀ ਲਗਾਉਣਾ, ਸਮਝ ਤੋਂ ਪਰੇ ਹੈ ।" ਮੰਜਿੰਦਰਪਾਲ ਕੌਰ, ਯੂਨਾਈਟਿਡ ਸਿੱਖਸ ਦੇ ਲੀਗਲ ਡਾਇਰੈਕਟਰ ਨੇ ਕਿਹਾ।

ਸਿੱਖਾਂ ਦੁਆਰਾ ਧਾਰਮਿਕ ਚਿੰਨ੍ਹ ਪਹਿਨਣ ਬਾਰੇ ਯੂ. ਕੇ ਸਮਾਨਤਾ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਨਿਰਦੇਸ਼ ਅਨੁਸਾਰ ਯੂ. ਕੇ ਏਅਰਪੋਰਟਾਂ ਤੇ ਕੰਮ ਕਰਨ ਵਾਲਾ ਸਟਾਫ਼ ਜਿਹਦੇ ਵਿੱਚ ਏਅਰਸਾਈਡ ਕਰਮਚਾਰੀ ਵੀ ਸ਼ਾਮਿਲ ਹਨ, ਨੂੰ ਡਿਊਟੀ ਦੇ ਦੌਰਾਨ ਧਾਰਮਿਕ ਚਿੰਨ੍ਹ ਪਹਿਨਣ ਦੀ ਇਜਾਜ਼ਤ ਹੈ।

ਅੰਮ੍ਰਿਤਸਰ ਏਅਰਪੋਰਟ ਤੇ ਕੰਮ ਕਰਨ ਵਾਲਾ ਏਅਰ ਇੰਡੀਆ ਦੇ ਸੁਰੱਖਿਆ ਸਟਾਫ ਦਾ ਮੈਂਬਰ, ਨਿਰਮਲ ਸਿੰਘ, ਜਿਸਨੂੰ ਕਿਰਪਾਨ ਪਹਿਨਣ ਕਾਰਣ ਏਅਰਸਾਈਡ ਤੇ ਕੰਮ ਕਰਨ ਤੋਂ ਵਰਜਿਆ ਗਿਆ, ਪ੍ਰਸ਼ਨ ਕਰਦਾ ਹੈ, "ਗੈਰ-ਸਿੱਖ ਸੁਰੱਖਿਆ ਸਟਾਫ਼ ਹਵਾਈ ਜਹਾਜ ਦੇ ਲਾਗੇ ਹਥਿਆਰ ਲੈ ਕੇ ਜਾਂਦੇ ਹਨ। ਕਿਰਪਾਨ ਧਾਰੀ ਸਿੱਖ ਸੁਰੱਖਿਆ ਸਟਾਫ ਦੇ ਮੁਕਾਬਲੇ ਉਹਨਾਂ ਨੂੰ ਸੁਰੱਖਿਆ ਦੇ ਲਈ ਖਤਰਾ ਕਿਉਂ ਨਹੀਂ ਸਮਝਿਆ ਜਾਂਦਾ ?"

ਅੰਮ੍ਰਿਤਸਰ, ਪੰਜਾਬ :- ਯੂਨਾਈਟਿਡ ਸਿੱਖਸ ਨੇ ਸੈਂਟਰਲ ਇੰਡਸਟਰੀਅਲ ਸਿਕਿਉਟਰੀ ਫੋਰਸ (ਸੀ. ਆਈ. ਐਸ. ਐਫ), ਜੋ ਕਿ ਸਾਰੇ ਭਾਰਤੀ ਏਅਰਪੋਰਟਾਂ ਦੀ ਸੁੱਰਖਿਆ ਕਰਦੀ ਹੈ, ਨੂੰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਵਿੱਖੇ ਕਿਰਪਾਨ ਧਾਰੀ ਕਰਮਚਾਰੀਆਂ ਦੇ ਏਅਰਸਾਈਡ ਤੇ ਕੰਮ ਕਰਨ ਉੱਪਰ ਲਗਾਈ ਗਈ ਰੋਕ ਨੂੰ ਰੱਦ ਕੀਤਾ ਜਾਵੇ, ਕਿਉਂਕਿ ਇਸ ਦੇ ਨਾਲ ਕਰਚਾਰੀਆਂ ਦੇ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ।

ਯੂਨਾਈਟਿਡ ਸਿੱਖਸ ਨੇ ਸੀ. ਆਈ. ਐਸ. ਐਫ ਦੇ ਡਾਇਰੈਕਟਰ ਜਨਰਲ, ਐਨ. ਆਰ. ਦਾਸ ਨੂੰ ਪੱਤਰ ਲਿਖਿਆ ਜਿਸ ਵਿੱਚ 25 ਅਪ੍ਰੈਲ, 2011 ਨੂੰ ਅੰਮ੍ਰਿਤਸਰ ਏਅਰਪੋਰਟ ਵਿਖੇ ਏਅਰਸਾਈਡ ਤੇ ਕੰਮ ਕਰਨ ਵਾਲੇ ਸਾਰੇ ਕਿਰਪਾਨ ਧਾਰੀ ਸਿੱਖਾਂ ਦੇ ਖਿਲਾਫ ਲਗਾਈ ਗਈ ਰੋਕ ਨੂੰ ਰੱਦ ਕਰਨ ਲਈ ਕਿਹਾ ਗਿਆ ਹੈ।

ਵੀਰਵਾਰ ਦੇ ਟਾਈਮਜ਼ ਆਫ ਇੰਡੀਆ ਵਿੱਚ ਦਿੱਤੀ ਗਈ ਰਿਪੋਰਟ ਅਨੁਸਾਰ ਕਮਾਂਡੈਂਟ ਸ਼ਰਦ ਕੁਮਾਰ ਦਾ ਕਹਿਣਾ ਹੈ ਕਿ ਸੁਰੱਖਿਆ ਕਾਰਣਾਂ ਕਰਕੇ ਸੀ. ਆਈ. ਐਸ. ਐਫ ਨੇ ਨਿਰਮਲ ਸਿੰਘ (ਅਤੇ ਏਅਰਸਾਈਡ ਤੇ ਕੰਮ ਕਰਨ ਵਾਲੇ 18 ਹੋਰ ਕਿਰਪਾਨ ਧਾਰੀ ਸਿੱਖ ਕਰਮਚਾਰੀਆਂ) ਨੂੰ ਕਿਰਪਾਨ (ਜੋ ਕਿ ਅਮ੍ਰਿਤਧਾਰੀ ਸਿੱਖਾਂ ਲਈ ਹਰ ਸਮੇਂ ਧਾਰਣ ਕਰਨਾ ਜ਼ਰੂਰੀ ਹੈ) ਪਹਿਨਣ ਤੋਂ ਰੋਕਿਆ ਗਿਆ ਹੈ।

ਏਅਰ ਇੰਡੀਆ ਦਾ ਸੁਰੱਖਿਆ ਸਟਾਫ, 37 ਸਾਲਾ ਨਿਰਮਲ ਸਿੰਘ, ਜੋ ਕਿ 2001 ਤੋਂ ਕਿਰਪਾਨ ਧਾਰਣ ਕਰਦੇ ਹੋਏ ਅਮ੍ਰਿਤਸਰ ਏਅਰਪੋਰਟ ਵਿਖੇ ਕੰਮ ਕਰ ਰਿਹਾ ਹੈ, ਨੇ ਯੂਨਾਈਟਿਡ ਸਿੱਖਸ ਨੂੰ ਦੱਸਿਆ, "ਭਾਰਤ ਵਿੱਚ ਕਿਸੇ ਵੀ ਹੋਰ ਏਅਰਪੋਰਟ ਤੇ ਅਜਿਹੀ ਰੋਕ ਨਹੀਂ ਹੈ ਅਤੇ ਅੰਮ੍ਰਿਤਸਰ ਏਅਰਪੋਰਟ ਵਿਖੇ ਅਜਿਹੀ ਪਾਬੰਦੀ ਲਗਾਉਣਾ ਬੇਇੰਨਸਾਫੀ ਹੈ ਕਿਉਂਕਿ ਇਸ ਰਾਹੀਂ ਸਿੱਖ ਕਰਮਚਾਰੀਆਂ ਨੂੰ ਇੱਕ ਸੁਰੱਖਿਆ ਖਤਰੇ ਦੇ ਤੌਰ ਤੇ ਅੱਲਗ ਕੀਤਾ ਜਾ ਰਿਹਾ ਹੈ।"

" ਸਿੱਖ ਕੌਮ ਰਾਸ਼ਟਰੀ ਸੁਰੱਖਿਆ ਪ੍ਰਤੀ ਆਮ ਜਨਤਾ ਦੀ ਚਿੰਤਾ ਦੇ ਨਾਲ ਸਾਂਝ ਰੱਖਦੀ ਹੈ ਪ੍ਰੰਤੂ ਅੰਮ੍ਰਿਤਸਰ ਏਅਰਪੋਰਟ ਦੇ ਏਅਰਸਾਈਡ ਕਰਮਚਾਰੀਆਂ ਲਈ ਕਿਰਪਾਨ ਉੱਤੇ ਪਾਬੰਦੀ ਲਗਾਉਣਾ ਪੱਖਪਾਤੀ ਹੈ ਕਿਉਂਕਿ ਹਵਾਈ ਜਹਾਜ਼ ਦੇ ਨਜ਼ਦੀਕ ਗੈਰ ਸਿੱਖ ਹਥਿਆਰਬੰਦ ਏਅਰਸਾਈਡ ਸੁਰੱਖਿਆ ਸਟਾਫ ਨੂੰ ਅਜਿਹੇ ਸੁਰੱਖਿਆ ਖਤਰੇ ਵਜੋਂ ਨਹੀਂ ਵੇਖਿਆ ਜਾ ਰਿਹਾ।" ਇਹ ਕਹਿਣਾ ਹੈ ਯੂਨਾਈਟਿਡ ਸਿੱਖਸ ਦੀ ਲੀਗਲ ਡਾਇਰੈਕਟਰ, ਮੰਜਿੰਦਰਪਾਲ ਕੌਰ ਦਾ।

"ਵੈਸੇ ਵੀ ਭਾਰਤੀ ਸੰਵਿਧਾਨ ਦੀ ਧਾਰਾ 25(2) (b) ਦੇ ਤਹਿਤ (ਜਿਸ ਅਨੁਸਾਰ ਇੱਕ ਸਿੱਖ ਨੂੰ ਹਰ ਵੇਲੇ ਕਿਰਪਾਨ ਧਾਰਣ ਕਰਨ ਦਾ ਅਧਿਕਾਰ ਹੈ), ਅਸੀਂ ਇਕ ਸਿੱਖ ਦੇ ਸੰਵਿਧਾਨਿਕ ਅਧਿਕਾਰ ਦਾ ਖਾਤਮਾ ਕਬੂਲ ਨਹੀਂ ਕਰ ਸਕਦੇ।"

ਇਹ ਅਧਿਕਾਰ ਸਿਵਿਲ ਏਵੀਏਸ਼ਨ ਮਿਨਿਸਟ੍ਰੀ ਦੇ ਪਰਚਾ ਨੰਬਰ 8/99 ਮਿਤੀ 28-9-99 (ਸੰਲਗਨਕ - 11) ਵਿੱਚ ਵੀ ਝਲਕਦਾ ਹੈ ਜਿਸ ਅਨੁਸਾਰ ਸਿੱਖ ਯਾਤਰੀ ਘਰੇਲੂ ਉਡ਼ਾਨਾਂ ਦੌਰਾਨ ਆਪਣੀ ਕਿਰਪਾਨ ਨਾਲ ਰੱਖ ਸਕਦੇ ਹਨ।

ਯੂ. ਕੇ ਵਿਖੇ, ਸਿਖ ਏਅਰਪੋਰਟ ਕਰਚਾਰੀਆਂ ਨੂੰ ਏਅਰਸਾਈਡ ਤੇ ਕਿਰਪਾਨ ਧਾਰਨ ਕਰਣ ਦੀ ਇਜਾਜਤ ਹੈ। ਹੀਥਰੋ ਏਅਰਪੋਰਟ, ਜੋ ਕਿ ਸੁਰੱਖਿਆ ਦ੍ਰਿਸ਼ਟੀ ਤੋਂ ਬੇਹੱਦ ਸੰਵੇਦਨਸ਼ੀਲ ਏਅਰਪੋਰਟ ਹੈ, ਵਿਖੇ ਵੀ ਸਿੱਖਾਂ ਨੂੰ ਕਿਰਪਾਨ ਧਾਰਨ ਕਰਨ ਦਾ ਧਾਰਮਿਕ ਅਧਿਕਾਰ ਪ੍ਰਾਪਤ ਹੈ। ਯੂ. ਕੇ ਦੇ ਸਮਾਨਤਾ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਜਾਰੀ ਨਿਰਦੇਸ਼ਾਂ ਵਿੱਚ ਕਿਰਪਾਨ ਧਾਰਨ ਕਰਨ ਸੰਬੰਧੀ ਨਿਰਦੇਸ਼ ਦਾ ਸਫਾ ਨੰ. 20 ਇੱਥੇ ਕਲਿੱਕ ਕਰ ਕੇ ਵੇਖ ਸਕਦੇ ਹੋ।

"ਅੰਕੜੇ ਵੀ ਸੀ. ਆਈ. ਐਸ. ਐਫ ਦੇ ਕਿਰਪਾਨ ਉੱਪਰ ਪਾਬੰਦੀ ਲਗਾਉਣ ਦੇ ਫੈਸਲੇ ਨਾਲ ਸਹਿਮਤ ਨਹੀਂ ਹਨ। ਹੀਥਰੋ ਏਅਰਪੋਰਟ ਵਿਖੇ ਏਅਰਸਾਈਡ ਤੇ ਕੰਮ ਕਰਨ ਵਾਲੇ ਕਿਰਪਾਨ ਧਾਰੀ ਸਿੱਖਾਂ ਦੀ ਗਿਣਤੀ ਤਕਰੀਬਨ 100 ਹੈ ਪ੍ਰੰਤੂ ਅੰਮ੍ਰਿਤਸਰ ਏਅਰਪੋਰਟ ਵਿਖੇ ਏਅਰਸਾਈਡ ਤੇ ਕੰਮ ਕਰਨ ਵਾਲੇ ਕਿਰਪਾਨ ਧਾਰੀ ਸਿੱਖਾਂ ਦੀ ਗਿਣਤੀ ਤਕਰੀਬਨ 19 ਦੇ ਕਰੀਬ ਹੈ, " ਮੰਜਿੰਦਰਪਾਲ ਕੌਰ ਨੇ ਅੱਗੋਂ ਕਿਹਾ।

ਸਿਖਾਂ ਦੁਆਰਾ ਧਾਰਮਿਕ ਚਿੰਨ੍ਹ ਧਾਰਣ ਕਰਨ ਬਾਰੇ ਯੂਨਾਈਟਿਡ ਸਿੱਖਸ ਦੀ ਪੈਰਵੀ ਦੀ ਪਿਛਲੀ ਪ੍ਰੈਸ ਰਿਲੀਜ਼ ਇੱਥੇ ਵੇਖ ਸਕਦੇ ਹੋ : http://www.unitedsikhs.org/PressReleases/PRSRLS–17–04–2011–00.html

ਜਾਰੀਕਰਤਾ : –

ਦਲਜੀਤ ਸਿੰਘ,

ਡਾਇਰੈਕਟਰ,

ਯੂਨਾਈਟਿਡ ਸਿੱਖਸ

91-9779957973

Law–global@unitedsikhs.org